**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ
3. ਰਾਜ ਦੇ ਸਮੂਹ ਸਕੂਲ ਮੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਐਮਸੀ/2010/36462-36499
ਮਿਤੀ ਚੰਡੀਗੜ੍ਹ 10 ਮਈ, 2010

ਵਿਸ਼ਾ ਮਹੀਨਾਵਾਰ ਪ੍ਰੀਖਿਆਵਾਂ ਦੇ ਰਿਕਾਰਡ ਦੇ ਰੱਖ ਰਖਾਅ ਬਾਰੇ ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ ਸਸਅ/ਮੈਥ ਸੈਲ/09/71414-71493 ਮਿਤੀ 12.10.2009 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਮੁੱਖ ਦਫਤਰ ਵਿੱਚ ਵੱਖ - ਵੱਖ ਅਧਿਆਪਕਾਂ ਦੁਆਰਾ ਇਸ ਸਬੰਧ ਵਿੱਚ ਆਪਣੇ ਸੁਝਾਅ ਪ੍ਰਾਪਤ ਹੋਏ ਹਨ ਕਿ ਮਹੀਨਾਵਾਰ ਟੈਸਟਾਂ ਦੌਰਾਨ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਗਏ ਅੰਕਾਂ ਨੂੰ ਕੰਪਿਊਟਰ ਸਿਸਟਮ ਦੇ ਸਾਫਟਵੇਅਰ ਵਿੱਚ ਵੀ ਦਰਜ ਕੀਤਾ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਸਬੰਧਤ ਰਿਕਾਰਡ ਵੱਜੋਂ ਮਹੀਨਾਵਾਰ ਰਜਿਸਟਰ ਵੀ ਤਿਆਰ ਕੀਤਾ ਜਾਂਦਾ ਹੈ । ਉਹਨਾਂ ਵੱਲੋਂ ਇਹ ਸੁਝਾਅ ਦਿੱਤਾ ਗਿਆ ਹੈ ਕਿ ਜਦੋਂ ਇਨ੍ਹਾਂ ਸਾਰੇ ਅੰਕਾਂ ਦਾ ਵੇਰਵਾ ਕੰਪਿਊਟਰ ਸਿਸਟਮ ਵਿੱਚ ਦਰਜ ਕੀਤਾ ਜਾਂਦਾ ਹੈ ਤਾਂ ਲੋੜੀਂਦੀ ਸੂਚਨਾ ਕੰਪਿਊਟਰ ਸਿਸਟਮ ਵਿੱਚੋ ਕੱਢੀ ਜਾ ਸਕਦੀ ਹੈ ਅਤੇ ਇਸ ਤਰ੍ਹਾਂ ਵਿਦਿਆਰਥੀਆਂ ਦੇ ਅੰਕਾਂ ਨੂੰ ਰਜਿਸਟਰ ਵਿੱਚ ਦਰਜ ਕਰਨ ਦੀ ਲੋੜ ਨਹੀਂ ਹੈ । ਇਸ ਤਰ੍ਹਾਂ ਅਧਿਆਪਕਾਂ ਦਾ ਸਮਾਂ ਵੀ ਬਚਾਇਆ ਜਾ ਸਕਦਾ ਹੈ ਜੋ ਵਿਦਿਆਰਥੀਆਂ ਦੀ ਪੜ੍ਹਾਈ ਕਰਵਾਉਣ ਲਈ ਵਰਤਿਆ ਜਾ ਸਕਦਾ ਹੈ ।

3.0 ਇਸ ਸਾਰੇ ਮਾਮਲੇ ਨੂੰ ਮੁੱਖ ਦਫਤਰ ਵਿੱਚ ਮੁੜ ਘੋਖਿਆ ਗਿਆ ਹੈ । ਅਧਿਆਪਕਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਮੁੱਖ ਰੱਖਦੇ ਹੋਏ, ਇਹ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਵੱਲੋਂ ਬਣਾਏ ਗਏ ਕੰਪਿਊਟਰ ਸਾਫ਼ਟਵੇਅਰ ਵਿੱਚ ਸਾਰੇ ਸਕੂਲਾਂ ਵਿੱਚ ਸਬੰਧਤ ਕੰਪਿਊਟਰ ਟੀਚਰ ਇਸ ਸਾਰੇ ਡਾਟੇ ਦੀ ਐਂਟਰੀ ਹਰ ਮਹੀਨੇ ਕਰਨ ਅਤੇ

ਇਸ ਸਬੰਧ ਵਿੱਚ ਸਬੰਧਤ ਕਲਾਸ ਇੰਚਾਰਜ ਪ੍ਰਿੰਟ ਆਊਟ ਦੀ ਇਕ ਕਾਪੀ ਕੰਪਿਊਟਰ ਟੀਚਰ ਤੋਂ ਲੈਣ ਅਤੇ ਇਸ ਕਾਪੀ ਨੂੰ ਸਾਫ ਸੁਥਰੇ ਤਰੀਕੇ ਨਾਲ ਪੱਕੇ ਰਜਿਸਟਰ ਵਿੱਚ ਲਗਾ ਲੈਣ ਤਾਂ ਜੋ ਇਹ ਰਿਕਾਰਡ ਸੁਰੱਖਿਅਤ ਰੱਖਿਆ ਜਾ ਸਕੇ ਕਿਉਂ ਕਿ ਸਰਕਾਰ ਦੇ ਫੈਸਲੇ ਅਨੁਸਾਰ ਮਹੀਨਾਵਾਰ ਟੈਸਟਾਂ ਦੇ ਆਧਾਰ ਤੇ ਬੱਚਿਆਂ ਦਾ ਮੁਲਾਂਕਣ ਕੀਤਾ ਜਾਣਾ ਹੈ ਜਿਸ ਬਾਰੇ ਹਦਾਇਤਾਂ ਪਹਿਲਾਂ ਹੀ ਇਸ ਦਫਤਰ ਦੇ ਪੱਤਰ ਨੰ ਸਸਅ/ਮੈਥ ਸੈਲ/09/79511-79556 ਮਿਤੀ 14.12.2009 ਰਾਹੀਂ ਜਾਰੀ ਕੀਤੀਆ ਹੋਈਆਂ ਹਨ ।

4.0 ਇਸ ਦੇ ਨਾਲ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਸਕੂਲਾਂ ਦੇ ਵਿੱਚ ਬਰਾਡ-ਬੈਂਡ ਕੁਨੈਕਸ਼ਨ ਜਾਂ ਕੰਪਿਊਟਰ ਲੈਬ ਦੀ ਸੁਵਿਧਾ ਉਪਲਬਧ ਨਹੀਂ ਹੈ, ਉਹਨਾਂ ਸਕੂਲਾਂ ਤੇ ਇਹ ਹਦਾਇਤਾਂ ਲਾਗੂ ਨਹੀਂ ਹੋਣਗੀਆਂ ਅਤੇ ਉਹ ਸਕੂਲ ਪਹਿਲਾਂ ਵਾਂਗ ਹੀ ਮਹੀਨਾਵਾਰ ਰਜਿਸਟਰ ਬਣਾ ਕੇ ਰੱਖਣਗੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ